National Research Journal of Social Sciences
Volume-11, Issue-1, January-June 2026
PP: 102-106

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦੁਰ ਜੀ "ਹਿੰਦ ਦੀ ਚਾਦਰ": ਧਾਰਮਿਕ, ਸਮਾਜਿਕ ਅਤੇ ਮਨੁੱਖਤਾਵਾਦੀ ਯੋਗਦਾਨ

**ਸੁਮਨ ਕਪੂਰ**

ਅਸਿਸਟੈਂਟ ਪ੍ਰੋਫੈਸਰ

ਆਰ.ਆਰ.ਐਮ.ਕੇ. ਆਰੀਆ ਮਹਿਲਾ ਮਹਾਵਿਦਿਆਲਿਆ ਕਾਲਜ, ਪੰਜਾਬੀ ਵਿਭਾਗ

**ਸਾਰੰਸ਼ :-**

ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਭਾਰਤ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਸਭ ਤੋਂ ਉੱਚੀ ਮਿਸਾਲ ਹੈ। 17ਵੀਂ ਸਦੀ ਦੇ ਔਰੰਗਜ਼ੇਬ ਜ਼ੁਲਮ ਦੇ ਸਮੇਂ, ਗੁਰੂ ਜੀ ਨੇ ਸਿਰਫ਼ ਸਿੱਖ ਧਰਮ ਹੀ ਨਹੀਂ ਸਗੋਂ ਕਸ਼ਮੀਰੀ ਪੰਡਤਾਂ ਸਮੇਤ ਸਮੂਹ ਭਾਰਤ ਦੇ ਲੋਕਾਂ ਦੇ ਧਰਮ-ਅਧਿਕਾਰ ਅਤੇ ਜ਼ਮੀਰ ਦੀ ਆਜ਼ਾਦੀ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ। ਉਹਨਾਂ ਦੀ ਬਾਣੀ ਮਨੁੱਖਤਾ, ਸਮਾਨਤਾ, ਨਿਰਭਉਤਾ ਅਤੇ ਆਤਮਕ ਮੁਕਤੀ ਦਾ ਸਰੋਤ ਹੈ। ਗੁਰੂ ਜੀ ਦਾ ਸਮਾਜਿਕ ਯੋਗਦਾਨ ਇੱਕ ਨਿਆਪ੍ਰੀ, ਸ਼ਾਂਤੀਪ੍ਰੀ ਅਤੇ ਸਭ ਨੂੰ ਸਮੇਟਣ ਵਾਲੇ ਸਮਾਜ ਦੀ ਸਿਰਜਣਾ ਵੱਲ ਸਾਫ਼ ਰਾਹ ਦਿਖਾਉਂਦਾ ਹੈ। "ਹਿੰਦ ਦੀ ਚਾਦਰ" ਦਾ ਮਾਣ-ਸਨਮਾਨ ਗੁਰੂ ਜੀ ਦੀ ਉਸ ਵਿਸ਼ਾਲ ਚੇਤਨਾ ਦਾ ਪ੍ਰਤੀਕ ਹੈ ਜੋ ਧਰਮਾਂ ਤੋਂ ਉਪਰ ਇਨਸਾਨੀਅਤ ਨੂੰ ਸਭ ਤੋਂ ਵੱਡਾ ਧਰਮ ਮੰਨਦੀ ਹੈ। ਉਹਨਾਂ ਦੀ ਵਿਰਾਸਤ ਅੱਜ ਵੀ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਸਹਿਣਸ਼ੀਲਤਾ ਲਈ ਪ੍ਰੇਰਨਾ ਦਾ ਪ੍ਰਬਲ ਸਰੋਤ ਹੈ।ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਮਨੁੱਖੀ ਇਤਿਹਾਸ ਵਿੱਚ ਉਹ ਅਦਵਿੱਤੀਆ ਘਟਨਾ ਹੈ ਜਿੱਥੇ ਕਿਸੇ ਨੇ ਦੂਜੇ ਧਰਮ ਦੀ ਰੱਖਿਆ ਲਈ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ। ਔਰੰਗਜ਼ੇਬ ਦੀ ਧਾਰਮਿਕ ਜ਼ੁਲਮ ਨੀਤੀ ਵਿਰੁੱਧ ਗੁਰੂ ਜੀ ਨੇ ਧਰਮ ਦੀ ਆਜ਼ਾਦੀ, ਅੰਤਰ-ਆਤਮਾ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦਾ ਝੰਡਾ ਉੱਚਾ ਰੱਖਿਆ। ਇਸ ਪ੍ਰਸੰਗ ਅਧਾਰ 'ਤੇ ਉਹਨਾਂ ਨੂੰ "ਹਿੰਦ ਦੀ ਚਾਦਰ" ਦਾ ਖ਼ਿਤਾਬ ਪ੍ਰਾਪਤ ਹੈ। ਇਹ ਪੇਪਰ ਗੁਰੂ ਜੀ ਦੇ ਧਾਰਮਿਕ, ਸਮਾਜਿਕ ਅਤੇ ਮਨੁੱਖਤਾਵਾਦੀ ਯੋਗਦਾਨ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਦਾ ਹੈ ਅਤੇ ਉਹਨਾਂ ਦੀ ਸ਼ਹੀਦੀ ਨੂੰ ਵਿਸ਼ਵ ਪੱਧਰ 'ਤੇ ਮਨੁੱਖਤਾ ਦੇ ਮੂਲ ਮੁੱਲਾਂ ਨਾਲ ਜੋੜਦਾ ਹੈ।ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਆਪਣੇ ਸਿਰ ਦਾਬਲੀਦਾਨ ਦੇ ਕੇ ਗੁਰੂ ਜੀ ਨੇ ਧਰਮ ਦੀ ਆਜ਼ਾਦੀ ਅਤੇ ਜ਼ਮੀਰ ਦੀ ਖ਼ੁਦਮੁਖਤਿਆਰੀ ਲਈ ਅਦਭੁਤ ਉਦਾਹਰਣ ਪੇਸ਼ ਕੀਤੀ, ਜਿਸ ਕਰਕੇ ਉਹ "ਹਿੰਦ ਦੀ ਚਾਦਰ" ਦੀ ਉਪਾਧੀ ਨਾਲ ਸਨਮਾਨਿਤ ਹੋਏ। ਉਹਨਾਂ ਦੀ ਬਾਣੀ ਆਤਮਵਾਦ, ਨੈਤਿਕਤਾ, ਸਰਬਭੌਮ ਭਾਈਚਾਰੇ ਅਤੇ ਨਿਰਭਉ ਜੀਵਨ ਦੇ ਆਦਰਸ਼ਾਂ ਨੂੰ ਉਜਾਗਰ ਕਰਦੀ ਹੈ। ਸਮਾਜਕ ਸਮਾਨਤਾ, ਜਾਤ-ਪਾਤ ਦਾ ਵਿਰੋਧ, ਸੇਵਾ-ਭਾਵ ਅਤੇ ਸਰਬਤ ਦੇ ਭਲੇ ਦੀ ਧਾਰਣਾ ਉਹਨਾਂ ਦੇ ਜੀਵਨ-ਦਰਸ਼ਨ ਦੇ ਅਹਿਮ ਅੰਗ ਹਨ। ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀਵਿਸ਼ਵ ਮਨੁੱਖਤਾਵਾਦੀ ਇਤਿਹਾਸ ਵਿੱਚ ਇੱਕ ਅਦਵਿੱਤੀਆ ਘਟਨਾ ਹੈ, ਜੋ ਧਾਰਮਿਕ ਅਸਹਿਣਸ਼ੀਲਤਾ ਵਿਰੁੱਧ ਸੱਚ ਅਤੇ ਨਿਆਂ ਦੀ ਜਿੱਤ ਦਾ ਪ੍ਰਤੀਕ ਬਣੀ ਰਹਿੰਦੀ ਹੈ। ਇਸ ਅਧਿਐਨ ਰਾਹੀਂ ਉਹਨਾਂ ਦੇ ਧਾਰਮਿਕ, ਸਮਾਜਿਕ ਅਤੇ ਮਨੁੱਖਤਾਵਾਦੀ ਯੋਗਦਾਨ ਦੀ ਸੰਪੂਰਨ ਵਿਸ਼ਲੇਸ਼ਣਾ ਕੀਤੀ ਗਈ ਹੈ, ਜੋ ਅਜੋਕੇ ਸਮੇਂ ਦੇ ਮਨੁੱਖੀ ਅਧਿਕਾਰਕਡਾਚੇਲਈ ਵੀ ਪ੍ਰੇਰਣਾ ਦਾ ਸਰੋਤ ਹੈ।ਭਾਰਤ ਦੇ ਇਤਿਹਾਸ ਵਿੱਚ ਉਹ ਸੰਤ-ਯੋਧੇ ਬਹੁਤ ਘੱਟ ਮਿਲਦੇ ਹਨ ਜਿਨ੍ਹਾਂ ਨੇ ਦੂਸਰਿਆਂ ਦੇ ਧਰਮ ਦੀ ਰੱਖਿਆ ਲਈ ਸ਼ਹੀਦੀਸਵੀਕਾਰ ਕੀਤੀ। ਗੁਰੂ ਤੇਗ਼ ਬਹਾਦੁਰ ਜੀ ਦਾ ਬਲੀਦਾਨ ਮਨੁੱਖਤਾ ਦਾ ਰਾਖਾ ਬਣਿਆ। ਉਹਨਾਂ ਦਾ ਸੰਦੇਸ਼ ਸੀ:-

"ਸਭਨਾ ਜੀਆ ਕਾ ਇਕੁ ਦਾਤਾ"

ਸਭ ਮਨੁੱਖਾਂ ਦੀ ਆਜ਼ਾਦੀ ਇੱਕ ਸਮਾਨ ਹੈ"।[1]

**ਮੁੱਖਸ਼ਬਦ** :- ਗੁਰੂ ਤੇਗ਼ ਬਹਾਦੁਰ,ਹਿੰਦ ਦੀ ਚਾਦਰ,ਸ਼ਹੀਦੀ,ਧਾਰਮਿਕ ਆਜ਼ਾਦੀ,ਸਿੱਖ ਇਤਿਹਾਸ,ਮਨੁੱਖੀ ਅਧਿਕਾਰ

## ਭੂਮਿਕਾ :-

ਭਾਰਤੀ ਸਭਿਆਚਾਰ ਅਤੇ ਧਾਰਮਿਕ ਇਤਿਹਾਸ ਵਿੱਚ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਦਾ ਸਥਾਨ ਅਦਵਿੱਤੀਆ ਹੈ। 17ਵੀਂ ਸਦੀ ਵਿੱਚ ਜਦੋਂ ਮੁਗਲ ਸੱਤਾ ਅਧੀਨ ਧਾਰਮਿਕ ਜ਼ੁਲਮ ਅਤੇ ਅਸਹਿਣਸ਼ੀਲਤਾ ਦਾ ਮਾਹੌਲ ਬਣ ਰਿਹਾ ਸੀ, ਉਸ ਵੇਲੇ ਗੁਰੂ ਤੇਗ਼ ਬਹਾਦੁਰ ਜੀ ਨੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਜ਼ਮੀਰ ਦੀ ਆਜ਼ਾਦੀ ਦੀ ਰੱਖਿਆ ਲਈ ਆਪਣਾ ਸਰਵੋਤਮ ਬਲੀਦਾਨ ਦਿੱਤਾ। ਮਨੁੱਖਤਾ ਦੀ ਰੱਖਿਆ ਲਈ ਕੁਰਬਾਨ ਹੋਏ ਇਸ ਮਹਾਨ ਯੋਧੇ ਸੰਤ ਨੂੰ ਭਾਰਤ ਦੀ ਧਾਰਮਿਕ-ਸਮਾਜਿਕ ਪਹਿਚਾਣ ਦੀ ਢਾਲ ਬਣਨ ਕਰਕੇ "ਹਿੰਦ ਦੀ ਚਾਦਰ" ਦਾ ਖ਼ਿਤਾਬ ਪ੍ਰਾਪਤ ਹੈ।ਗੁਰੂ ਜੀ ਨੇ ਧਰਮ ਨੂੰ ਮਨੁੱਖ ਦੇ ਆਤਮਕ ਅਧਿਕਾਰ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ। ਉਹਨਾਂ ਅਨੁਸਾਰ ਕਿਸੇ ਵੀ ਮਨੁੱਖ ਤੋਂ ਉਸਦਾ ਧਰਮ ਛੀਣਨਾ ਉਸਦੇ ਜੀਵਨ-ਅਧਿਕਾਰ, ਉਸਦੀ ਆਜ਼ਾਦੀ ਅਤੇ ਉਸਦੀ ਮਾਨ-ਮਰਯਾਦਾ ਦੀ ਹਾਨੀਹੈ। ਇਸੇ ਕਾਰਨ ਉਹ ਦੂਜੇ ਧਰਮ ਦੇ ਮਾਨਵਾਂ ਦੀ ਰੱਖਿਆ ਲਈ ਵੀ ਸਿਰ ਉਤਾਰ ਦੇਣ ਤੋਂ ਪਿੱਛੇ ਨਾ ਹਟੇ। ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਸਿਰ ਕੀਤੇਨਿਓਛਾਵਰ ਕਰਕੇ ਉਹਨਾਂ ਨੇ ਸੰਸਾਰ ਨੂੰ ਇਹ ਸਿੱਖਿਆ ਦਿੱਤੀ ਕਿ ਧਰਮ ਦਾ ਅਸਲ ਮਤਲਬ ਮਨੁੱਖ ਦੀ ਆਜ਼ਾਦੀ ਅਤੇ ਸਤਿਕਾਰ ਹੈ, ਨਾਂ ਕਿ ਜ਼ਬਰਦਸਤੀ ਲਾਦਿਆ ਗਿਆ ਵਿਸ਼ਵਾਸ।ਗੁਰੂ ਤੇਗ਼ ਬਹਾਦੁਰ ਜੀ ਦਾ ਧਾਰਮਿਕ ਦਰਸ਼ਨ ਬਾਣੀ ਵਿੱਚ ਸਚਰਚਿਤ ਰੂਪ ਵਿੱਚ ਦਰਸਾਇਆ ਗਿਆ ਹੈ। ਉਹਨਾਂ ਨੇ ਮਨੁੱਖ ਨੂੰ ਨਿਰਭਉ, ਨਿਰਵੈਰ, ਮਾਇਆ ਤੋਂ ਉਪਰਾਮ ਅਤੇ ਆਤਮਕ ਤੌਰ ਤੇ ਪ੍ਰਬਲ ਬਣਾਉਣ ਦਾ ਸੰਦੇਸ਼ ਦਿੱਤਾ। ਸਮਾਜਿਕ ਤੌਰ 'ਤੇ ਉਹਨਾਂ ਨੇ ਸਮਾਨਤਾ, ਮਨੁੱਖੀ ਸੇਵਾ, ਨਿਆਂ ਅਤੇ ਦਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਅੰਦੋਲਨ ਸ਼ੁਰੂ ਕੀਤਾ। ਉਹਨਾਂ ਦਾ ਮਨੁੱਖਤਾਵਾਦ ਕਿਸੇ ਇੱਕ ਧਰਮ ਜਾਂ ਕੌਮ ਦੀ ਸੀਮਾ ਵਿੱਚ ਬੱਝਿਆ ਨਹੀਂ ਸੀ, ਸਗੋਂ



© Copyright @ Authors

ਸਮੂਹ ਮਨੁੱਖਤਾ ਲਈ ਸੀ। ਇਸ ਭੂਮਿਕਾ ਦੇ ਜ਼ਰੀਏ ਸਪੱਸ਼ਟ ਹੈ ਕਿ ਗੁਰੂ ਤੇਗ਼ ਬਹਾਦੁਰ ਜੀ ਦਾ ਯੋਗਦਾਨ ਸਿੱਖ ਇਤਿਹਾਸ ਦਾ ਹੀ ਨਹੀਂ, ਸਗੋਂ ਭਾਰਤ ਅਤੇ ਸੰਸਾਰ ਦੇ ਮਨੁੱਖੀ ਅਧਿਕਾਰਾਂ ਦੇ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਅਧਿਆਇ ਹੈ। ਇਸ ਪ੍ਰਸਤੁਤ ਅਧਿਐਨ ਵਿੱਚ ਗੁਰੂ ਤੇਗ਼ ਬਹਾਦੁਰ ਜੀ ਦੇ ਧਾਰਮਿਕ, ਸਮਾਜਿਕ ਅਤੇ ਮਨੁੱਖਤਾਵਾਦੀ ਯੋਗਦਾਨ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ, ਜਿਸ ਰਾਹੀਂ ਉਹਨਾਂ ਦੀ ਸ਼ਹੀਦੀ ਅਤੇ ਸਿੱਖਿਆ ਦੇ ਮੂਲ ਅਰਥਾਂ ਨੂੰ ਪਰਖਣ ਦਾ ਯਤਨ ਕੀਤਾ ਜਾਵੇਗਾ। ਭਾਰਤ ਹਮੇਸ਼ਾਂ ਵਿਭਿੰਨ ਧਰਮਾਂ, ਸੰਸਕ੍ਰਿਤੀਆਂ ਅਤੇ ਮੱਤਾਂ ਦਾ ਦੇਸ਼ ਰਿਹਾ ਹੈ। ਜਦੋਂ ਇਸ ਵਿਭਿੰਨਤਾ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ ਤਾਂ ਗੁਰੂ ਤੇਗ਼ ਬਹਾਦੁਰ ਜੀ ਨੇ ਸਰਬ-ਧਰਮ ਸਮਭਾਵ ਦੇ ਸਿਧਾਂਤ ਦੀ ਰੱਖਿਆ ਲਈ ਆਪਣਾ ਸਿਰ ਤਾ ਕੱਟਾ ਦਿੱਤਾ ਪਰ ਸਿੱਧਾਂਤ ਨਾ ਛੱਡੇ। ਉਹਨਾਂ ਦਾ ਬਲੀਦਾਨ ਮਨੁੱਖਤਾ ਅਤੇ ਨੈਤਿਕਤਾ ਦੇ ਸਭ ਤੋਂ ਉੱਚੇ ਮੁੱਲਾਂ ਦਾ ਪ੍ਰਤੀਕ ਹੈ।ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਆਤਮ-ਚੇਤਨਾ, ਨਿਰਭੇਤਾ, ਮਾਇਆ ਤੋਂ ਉਪਰਾਮਤਾ, ਸਹਿਣਸ਼ੀਲਤਾ ਅਤੇ ਵਿਸ਼ਵ-ਭਲਾਈ ਦਾ ਪ੍ਰਗਟਾਵਾ ਹੈ, ਜਿਸ ਨੇ ਮਨੁੱਖਤਾ ਦੇ ਮੂਲ ਸਿਧਾਂਤਾਂ ਨੂੰ ਹੌਸਲਾ ਦਿੱਤਾ। ਉਹਨਾਂ ਦੀ ਸ਼ਹੀਦੀ ਨੇ ਨਾਂ ਕੇਵਲ ਸਿੱਖ ਕੌਮ ਨੂੰ ਮਜ਼ਬੂਤ ਕੀਤਾ ਸਗੋਂ ਭਾਰਤ ਵਿੱਚ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਨੀਂਹ ਰੱਖੀ।

"ਸਭੁ ਕੋਊ ਆਖੈ ਬਾਹਰਾ ਕੋਊ ਨ ਦਿਸੈ ਕਾਣਿ

ਗੁਰੂ ਪੂਰੈ ਸਚੁ ਬੁਝਾਇਆ ਜਬ ਏਹੁ ਬਿਬੇਕ ਬਿਚਾਰੁ"[2]

ਸਮਾਜਿਕ ਪਸਹਿਰੀ ਅਤੇ ਧਾਰਮਿਕ ਪੀੜਾ :-

17ਵੀਂ ਸਦੀ ਦਾ ਭਾਰਤ ਰਾਜਨੀਤਿਕ ਉਥਲ-ਪੁਥਲ ਅਤੇ ਧਾਰਮਿਕ ਅਸਹਿਣਸ਼ੀਲਤਾ ਦੇ ਦੌਰ ਤੋਂ ਗੁਜ਼ਰ ਰਿਹਾ ਸੀ। ਮੁਗਲ ਸ਼ਾਸਕ ਔਰੰਗਜ਼ੇਬ ਨੇ ਆਪਣੀ ਰਾਜਨੀਤੀ ਨੂੰ ਧਾਰਮਿਕ ਰੰਗ ਵਿੱਚ ਬਦਲਦੇ ਹੋਏ, ਇਸਲਾਮ ਨੂੰ ਰਾਜ-ਧਰਮ ਦੇ ਰੂਪ ਵਿੱਚ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਦੌਰਾਨ, ਹਿੰਦੂਆਂ, ਖ਼ਾਸ ਕਰਕੇ ਕਸ਼ਮੀਰੀ ਪੰਡਤਾਂ ਅਤੇ ਵੱਖ-ਵੱਖ ਧਾਰਮਿਕ ਸਮੂਹਾਂ ਨੂੰ ਜ਼ਬਰਦਸਤੀ ਧਰਮ-ਪਰਿਵਰਤਨ ਲਈ ਤੰਗ ਕੀਤਾ ਗਿਆ।ਔਰੰਗਜ਼ੇਬ ਦੇ ਰਾਜ ਦੌਰਾਨ ਜ਼ਬਰਦਸਤੀ ਇਸਲਾਮ ਧਰਮ ਅਪਣਾਉਣ ਲਈ ਦਬਾਅ ਵਧਿਆ। ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਕੋਲ ਸ਼ਰਨ ਲਈ ਮਦਦ ਲਈ।ਇਸ ਸਥਿਤੀ ਨੇ ਗੁਰੂ ਸਾਹਿਬ ਦੇ ਮਨ ਵਿੱਚ ਮਨੁੱਖਤਾ ਦੀ ਰੱਖਿਆ ਲਈ ਇੱਕ ਸੰਕਲਪ ਜਗਾਇਆ।ਔਰੰਗਜ਼ੇਬ ਦੀਆਂ ਨੀਤੀਆਂ ਦੇ ਤਹਿਤ ਮੰਦਿਰ ਤੋੜੇ ਜਾ ਰਹੇ ਸਨ ਧਾਰਮਿਕ ਰਸਮਾਂ 'ਤੇ ਰੋਕਾਂ ਜਜ਼ੀਆ ਕਰ ਦਾ ਦੁਬਾਰਾ ਲਾਗੂ ,ਹਿੰਦੂ ਧਰਮ ਦੇ ਗਿਆਨੀਆਂ ਅਤੇ ਪੁਰੋਹਿਤਾਂ ਨੂੰ ਹੇਠਾਂ ਲਾਉਣਾ। ਇਸ ਤਸ਼ੱਦਦ ਕਾਰਨ ਸਮਾਜ ਵਿੱਚ ਧਾਰਮਿਕ ਡਰ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਸੀ।ਕਸ਼ਮੀਰ ਦੇ ਧਾਰਮਿਕ ਅਗਵਾਨਾਂ ਨੇ ਮੁਗਲ ਜ਼ਬਰ ਦਾ ਵਿਰੋਧ ਕੀਤਾ ਤਾਂ ਉਹਨਾਂ ਨੂੰ ਕਿਹਾ ਗਿਆ:

"ਜੇ ਤੁਹਾਡਾ ਕੋਈ ਰੱਖਿਆ ਕਰ ਸਕਦਾ ਹੈ ਤਾਂ ਉਹ ਗੁਰੂ ਨੌਵੇਂ ਹੀ ਹਨ।"[3]

ਇਸ ਲਈ ਉਹ ਸਤਲੁਜ ਦੇ ਤਟ ਤੇ ਆਨੰਦਪੁਰ ਸਾਹਿਬ ਆਏ ਅਤੇ ਗੁਰੂ ਤੇਗ਼ ਬਹਾਦੁਰ ਜੀ ਕੋਲ ਸ਼ਰਨ ਲਈ ਅਰਜ਼ੀ ਕੀਤੀ।ਇਹ ਉਹ ਪਲ ਸੀ ਜਦ ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਇਤਿਹਾਸਕ ਫ਼ੈਸਲਾ ਕੀਤਾ:

"ਜੋ ਧਰਮ ਲਈ ਖੜ੍ਹਾ ਹੋਇਆ, ਭਾਵੇਂ ਉਹ ਮੇਰਾ ਨਹੀਂ, ਉਸ ਦੀ ਰੱਖਿਆ ਮੇਰਾ ਫਰਜ਼ ਹੈ।"[4]

ਗੁਰੂ ਸਾਹਿਬ ਦੇ ਸੱਚ ਤੇ ਅਡਿਗ ਰਹਿਣ ਕਾਰਨ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਤੋਰਿਆ ਗਿਆ। ਤਸ਼ੱਦਦ ਕਰਕੇ ਧਰਮ ਬਦਲਣ ਲਈ ਦਬਾਅ ਪਰ ਉਹ ਫਿਰ ਵੀ ਨਿਰਭਉ-ਨਿਰਵੈਰ ਰਹੇ। ਇਸ ਤੋਂ ਪਹਿਲਾਂ ਉਹਨਾਂ ਦੇ ਸਾਥੀ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਕਰੂਰ ਮੌਤਾਂ ਨਾਲ ਸ਼ਹੀਦ ਕੀਤੇ ਗਏ।

ਧਾਰਮਿਕ ਯੋਗਦਾਨ :-

ਸੱਤਵੀਂ ਸਦੀ ਵਿੱਚ ਮੌਜੂਦ ਔਰੰਗਜ਼ੇਬ ਦੀ ਫਿਰਕਾਪ੍ਰਸਤੀ ਨੀਤੀਆਂ ਨੇ ਕਈ ਧਰਮਾਂ ਨੂੰ ਖਤਰੇ ਵਿੱਚ ਪਾ ਦਿੱਤਾ ਸੀ। ਕਸ਼ਮੀਰੀ ਪੰਡਤਾਂ ਨੂੰ ਜ਼ਬਰਦਸਤੀ ਇਸਲਾਮ ਧਰਮ ਅਪਨਾਉਣ ਲਈ ਦਬਾਇਆ ਜਾ ਰਿਹਾ ਸੀ। ਗੁਰੂ ਤੇਗ਼ ਬਹਾਦੁਰ ਜੀ ਨੇ ਇਹ ਜਾਣਦੇ ਹੋਏ ਕਿ ਧਾਰਮਿਕ ਆਜ਼ਾਦੀ ਮਨੁੱਖਤਾ ਲਈ ਜ਼ਰੂਰੀ ਹੈ, ਉਹਨਾਂ ਨੇ ਬਲਿਦਾਨ ਦਾ ਮਾਰਗ ਚੁਣਿਆ। ਉਹਨਾਂ ਦੀ ਸ਼ਹੀਦੀ ਨੇ ਇਹ ਸਿੱਖਿਆ ਦਿੱਤੀ ਕਿ ਧਰਮ ਦੇ ਅਧਿਕਾਰਾਂ ਦੀ ਰੱਖਿਆ ਲਈ ਸੰਘਰਸ਼ ਕਰਨਾ ਮਨੁੱਖਤਾਵਾਦ ਦਾ ਮੂਲ ਹੈ।ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਗੁਰੂ ਗਰੰਥ ਸਾਹਿਬ ਵਿੱਚ 115 ਸ਼ਬਦਾਂ ਰੂਪ ਵਿੱਚ ਮਿਲਦੀ ਹੈ।ਮੁੱਖ ਧਾਰਮਿਕ ਸਿਧਾਂਤ ਨਿਰਭਰਤਾ

"ਜਉ ਤਉ ਪ੍ਰੇਮ ਖੇਲਣ ਕਾ ਚਾਉ"[5]

ਤਿਆਗ ਅਤੇ ਮਾਇਆ ਤੋਂ ਉਦਾਸੀਨਤਾਆਤਮਕ ਚੇਤਨਾ ਅਤੇ ਨਾਮ-ਸਿਮਰਨਸਭ ਧਰਮਾਂ ਦੀ ਆਜ਼ਾਦੀ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ,ਸਾਰੀ ਮਨੁੱਖਤਾ ਇੱਕ ਹੀ ਰੱਬ ਦੀ ਸਿਰਜੀ ਹੈ। ਗੁਰੂ ਜੀ ਨੇ ਆਪਣੀ ਸ਼ਹੀਦੀ ਨਾਲ ਧਰਮ ਦੀ ਆਜ਼ਾਦੀ ਲਈ ਉਦਾਹਰਨ ਸਥਾਪਿਤ ਕੀਤੀ।17ਵੀਂ ਸਦੀ ਵਿੱਚ ਮੌਜੂਦਾ ਹਿੰਦੂ ਧਰਮ ਬਦਲਣ ਲਈ ਕਸ਼ਮੀਰੀ ਪੰਡਤਾਂ ਤੇ ਜ਼ਬਰਦਸਤੀ ਕੀਤੀ ਜਾ ਰਹੀ ਸੀ।ਗੁਰੂ ਜੀ ਨੇ ਉਨ੍ਹਾਂ ਦੀ ਰੱਖਿਆ ਲਈ ਆਪਣੀ ਜਾਨ ਦੇਣ ਦਾ ਫੈਸਲਾ ਕੀਤਾ।ਇਸ ਕਾਰਨ ਉਹਨਾਂ ਨੂੰ "ਹਿੰਦ ਦੀ ਚਾਦਰ" ਦਾ ਖਿਤਾਬ ਮਿਲਿਆ।

"ਤੋਟਿ ਨ ਆਵੈ ਬਸਤੁ ਨ ਜਾਵੈ, ਰਹੈ ਨਾਹੀ ਕਿਛੁ ਮਾਇਆ

ਕਹਤ ਨਾਨਕ ਜਗ ਬਾਲਗਪਨ, ਭਰਮਿ ਰਹੇ ਲਪਟਾਇਆ"[6]


© Copyright @ Authors

ਧਾਰਮਿਕ ਵਿਸ਼ਵਾਸ ਅਤੇ ਮਨੁੱਖੀ ਧਰਮਾਂ ਨੂੰ ਜ਼ਬਰ ਦੇ ਸਾਹਮਣੇ ਮਾਰਿਆ ਨਹੀਂ ਜਾ ਸਕਦਾ।ਗੁਰੂ ਜੀ ਦੀ ਬਾਣੀ ਮਨੁੱਖਤਾ,ਨਿਰਭਉਤਾ ਅਤੇ ਧਾਰਮਿਕ ਤਿਆਗ ਸਿਖਾਉਂਦੀ ਹੈ।ਸੱਚਾਈ ਅਤੇ ਨਾਮ ਸਿਮਰਨ ਨਾਲ ਆਤਮਕ ਸ਼ਾਂਤੀ ਦੀ ਪ੍ਰਾਪਤੀ ਧਰਮਾਂਦੇ ਅਧਿਕਾਰਾਂ ਦੀ ਮਾਨਤਾ ਨਿਰਸੰਕੋਚ ਅਤੇ ਨਿਸ਼ਕਾਮ ਭਗਤੀ ਗੁਰੂ ਤੇਗ ਬਹਾਦੁਰ ਜੀ ਨੇ ਧਰਮਾਂ ਵਿੱਚ ਸਮਾਨਤਾ ਅਤੇ ਸਹਿਣਸ਼ੀਲਤਾ ਦਾ ਮਾਰਗ ਦਰਸ਼ਾਇਆ। ਸਿੱਖਾਂ, ਹਿੰਦੂਆਂ ਅਤੇ ਹੋਰ ਧਰਮਾਂ ਦੇ ਲੋਕਾਂ ਲਈ ਇੱਕ ਰੱਖਵਾਲਾ ਹਰ ਧਰਮ ਦੇ ਮਾਨਵ ਨੂੰ ਸੁਰੱਖਿਆ ਅਤੇ ਆਜ਼ਾਦੀ ਦੀ ਭਰੋਸਾ ਚਾਂਦਨੀ ਚੌਂਕ, ਦਿੱਲੀ (11 ਨਵੰਬਰ 1675) ਨੂੰ ਗੁਰੂ ਜੀ ਨੇ ਆਪਣੇ ਧਰਮ ਅਤੇ ਦੂਸਰਿਆਂ ਦੇ ਧਰਮ ਦੀ ਰੱਖਿਆ ਲਈ ਸੀਸ ਨਿਛਾਵਰ ਕੀਤਾ।ਇਸ ਸ਼ਹੀਦੀ ਨੇ ਸਿੱਖ ਧਰਮ ਵਿੱਚ "ਸੱਚ ਲਈ ਬਲੀਦਾਨ" ਦਾ ਆਦਰਸ਼ ਦਰਸਾਇਆ।ਮਨੁੱਖਤਾ ਲਈ ਧਾਰਮਿਕ ਆਜ਼ਾਦੀ ਅਤੇ ਨਿਆਂ ਦੀ ਪ੍ਰਤੀਕਾਤਮਕ ਸਿੱਖਿਆ ਦਿੱਤੀ।

**ਸ਼ਹੀਦੀ ਦਾ ਇਤਿਹਾਸਕ ਮਹੱਤਵ :-**

ਗੁਰੂ ਜੀ ਨੂੰ 11 ਨਵੰਬਰ 1675 ਨੂੰ ਲਾਹੌਰ ਵਿੱਚ ਮਾਰ ਦਿੱਤਾ ਗਿਆ। ਉਹਨਾਂ ਦੀ ਸ਼ਹੀਦੀ ਨਾ ਸਿਰਫ ਸਿੱਖਾਂ ਲਈ ਪ੍ਰੇਰਣਾ ਦਾ ਸਰੋਤ ਬਣੀ, ਬਲਕਿ ਉਹਨਾਂ ਨੂੰ "ਹਿੰਦ ਦੀ ਚਾਦਰ" ਕਹਿਣ ਦੀ ਕਾਰਣ ਇਹ ਸੀ ਕਿ ਉਹਨਾਂ ਨੇ ਸਿਰਫ ਕਸ਼ਮੀਰੀ ਪੰਡਤ ਹੀ ਨਹੀਂ ਬਚਾਏ, ਬਲਕਿ ਹਿੰਦੋਸਤਾਨ ਵਿੱਚ ਹਰ ਧਰਮ ਦੇ ਲੋਕਾਂ ਲਈ ਆਜ਼ਾਦੀ ਦੀ ਰੱਖਿਆ ਕੀਤੀ। ਇਹ ਸ਼ਹੀਦੀ ਸਮਾਜਿਕ ਅਨਿਆਇਆਂ ਅਤੇ ਧਾਰਮਿਕ ਦਬਾਅ ਦੇ ਖ਼ਿਲਾਫ਼ ਇੱਕ ਅਮਰ ਪ੍ਰਤੀਕ ਬਣੀ।ਗੁਰੂ ਜੀ ਨੇ ਇਹ ਦਰਸਾਇਆ ਕਿ ਧਰਮ ਦੀ ਰੱਖਿਆ ਮਨੁੱਖਤਾ ਦੇ ਅਧਿਕਾਰਾਂ ਨਾਲ ਜੁੜੀ ਹੋਈ ਹੈ।ਉਹਨਾਂ ਦੀ ਸ਼ਹੀਦੀ ਨੇ ਇਹ ਸਿੱਖਿਆ ਦਿੱਤੀ ਕਿ ਕਿਸੇ ਵੀ ਸਮਾਜਿਕ ਅਨਿਆਇ ਜਾਂ ਧਾਰਮਿਕ ਦਬਾਅ ਦੇ ਖਿਲਾਫ਼ ਖੜਾ ਹੋਣਾ ਮਨੁੱਖਤਾਵਾਦੀ ਜ਼ੰਮਿਵਾਰੀ ਹੈ।ਉਨ੍ਹਾਂ ਦੀ ਸ਼ਹੀਦੀ ਨੂੰ "ਹਿੰਦ ਦੀ ਚਾਦਰ" ਕਿਹਾ ਗਿਆ।ਇਹ ਪ੍ਰਤੀਕ ਸਿਰਫ਼ ਸਿੱਖਾਂ ਲਈ ਨਹੀਂ, ਬਲਕਿ ਭਾਰਤੀ ਇਤਿਹਾਸ ਵਿੱਚ ਧਾਰਮਿਕ ਸਹਿਯੋਗ ਅਤੇ ਬਲਿਦਾਨ ਦਾ ਪ੍ਰਤੀਕ ਹੈ।ਗੁਰੂ ਜੀ ਦੀ ਸ਼ਹੀਦੀ ਨੇ ਬਾਅਦ ਵਿੱਚ ਹੋਈ ਧਾਰਮਿਕ ਆਜ਼ਾਦੀ ਦੀ ਲੜਾਈਆਂ ਅਤੇ ਸਮਾਜਿਕ ਬਦਲਾਅ ਲਈ ਪ੍ਰੇਰਣਾ ਦਿੱਤੀ।ਮੌਜੂਦਾ ਸਮੇਂ ਵਿੱਚ ਧਾਰਮਿਕ ਦਬਾਅ ਅਤੇ ਜਬਰਦਸਤੀ ਦੇ ਖਿਲਾਫ਼ ਲੋਕਾਂ ਵਿੱਚ ਜਾਗਰੂਕਤਾ ਬਣੀ।ਸ਼ਹੀਦੀ ਨੇ ਸਿੱਖਾਂ ਅਤੇ ਭਾਰਤੀ ਲੋਕਾਂ ਨੂੰ ਸੰਗਠਿਤ ਕੀਤਾ, ਜਿਸ ਨਾਲ ਸਮਾਜ ਵਿੱਚ ਧਰਮ-ਸਹਿਯੋਗ ਅਤੇ ਨਿਆਇਕਤਾ ਦਾ ਪ੍ਰਚਾਰ ਹੋਇਆ।

"ਜਗ ਝੂਠੈ ਕਉ ਸਾਚੁ ਜਾਨਿ ਕੈ

ਤਾ ਸਿਉ ਰਚੁ ਉਪਜਾਈ

ਦੀਨ ਬੰਧ ਸਿਮਰਿਓ ਨਹੀ

ਕਬਹੂ ਹੋਤ ਜੁ ਸੰਗਿ ਸਹਾਈ"[7]

ਗੁਰੂ ਜੀ ਦੀ ਸ਼ਹੀਦੀ ਅੱਜ ਵੀ ਧਾਰਮਿਕ ਅਤੇ ਮਨੁੱਖਤਾਵਾਦੀ ਅਧਿਕਾਰਾਂ ਲਈ ਪ੍ਰੇਰਣਾ ਹੈ। ਇਹ ਸਮਾਜ ਨੂੰ ਸਿਖਾਉਂਦੀ ਹੈ ਕਿ ਬਲਿਦਾਨ ਅਤੇ ਸਹਿਯੋਗ ਨਾਲ ਹੀ ਧਾਰਮਿਕ ਸਹਿਯੋਗ ਅਤੇ ਆਜ਼ਾਦੀ ਸੰਭਵ ਹੈ। ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਨਾ ਸਿਰਫ਼ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ, ਬਲਕਿ ਮਨੁੱਖਤਾ, ਨਿਆਇ ਅਤੇ ਧਰਮ ਸਹਿਯੋਗ ਲਈ ਇਤਿਹਾਸਕ ਮਿਸਾਲ ਵੀ ਹੈ। ਇਹ ਸ਼ਹੀਦੀ "ਹਿੰਦ ਦੀ ਚਾਦਰ" ਦੇ ਰੂਪ ਵਿੱਚ ਸਦੀਆਂ ਤੋਂ ਪ੍ਰੇਰਣਾ ਦਾ ਸਰੋਤ ਹੈ।

ਗੁਰੂ ਗਰੰਥ ਸਾਹਿਬ ਵਿੱਚ ਉਪਦੇਸ਼ :-

ਗੁਰੂ ਤੇਗ਼ ਬਹਾਦੁਰ ਜੀ ਨੇ ਆਪਣੇ ਜੀਵਨ ਵਿੱਚ ਨਿਰਭਉਤਾ, ਸਹਿਜਤਾ ਅਤੇ ਆਤਮ-ਸੰਯਮ ਦੇ ਸੁਨੇਹੇ ਦਿੱਤੇ। ਗੁਰੂ ਗਰੰਥ ਸਾਹਿਬ ਵਿੱਚ ਉਹਨਾਂ ਦੀ ਬਾਣੀ ਮਨੁੱਖਤਾ ਅਤੇ ਸਦਭਾਵਨਾ ਨੂੰ ਉਭਾਰਦੀ ਹੈ। ਗੁਰੂ ਜੀ ਨੇ ਹਰ ਮਨੁੱਖ ਨੂੰ ਆਪਣੇ ਧਰਮ ਦੇ ਅਧਿਕਾਰਾਂ ਨੂੰ ਸਨਮਾਨ ਦੇਣ ਦੀ ਸਿੱਖਿਆ ਦਿੱਤੀ।ਮਨੁੱਖ ਦਾ ਸੱਚਾ ਮਾਰਗ ਅੰਦਰਲੇ ਆਤਮ-ਚੇਤਨ ਨਾਲ ਜੁੜਨਾ, ਕਾਇਆ ਅੰਦਰ ਵੱਸਦੇ ਪ੍ਰਭੂ ਦੀ ਪਹਿਚਾਣ ਮੁੱਖ ਤੱਤ, ਮਨੁ ਨਿਰਮਲ ਕਰ ਕੇ ਪ੍ਰਭੂ ਦੀ ਪ੍ਰਾਪਤੀ ਡਰ, ਦਬਾਅ ਅਤੇ ਜੁਲਮ ਦੇ ਅੱਗੇ ਨਾ ਝੁਕਣਾ, ਨਿਰਭਉ ਹੋ ਕੇ ਸੱਚਾਈ ਦਾ ਪਾਲਣ ,ਸੰਸਾਰ ਦੀ ਮਿੱਠੀ ਲੱਗਦੀ ਮਾਇਆ ਅੰਤ ਨੂੰ ਦੁੱਖ ਦਾ ਕਾਰਣ ,ਮਾਇਆ ਨਾਲ ਅਤਿਅਤ ਪ੍ਰੇਮ ਭੁੱਲ ਭੁੱਲਈਆਂ ਨਾਮ ਹੀ ਦੁੱਖ ਅਤੇ ਭਰਮ ਤੋਂ ਛੁਟਕਾਰਾ ਦਿੰਦਾ ਹੈ। ਸਿਮਰਨ ਮਨ ਦੀ ਸਫ਼ਾਈ ਅਤੇ ਮਨ ਹਰ ਜੀਵ ਮੌਤ ਦੇ ਡਰ ਨਾਲ ਜੀਵਦਾ ਹੈ ।ਨਾਮ ਨਾਲ ਜੁੜਨ ਵਾਲਾ ਨਿਰਭਉ ਅਤੇ ਨਿਸ਼ਚਿੰਤ ਹੋ ਜਾਂਦਾ ਹੈ। ਜੀਵਨ ਵਿੱਚ ਦਇਆ, ਸਹਿਜ ਅਤੇ ਧੀਰਜ ਸਭ ਤੋਂ ਉੱਚੇ ਗੁਣ ਮਨੁੱਖਤਾ ਦੀ ਸੇਵਾ, ਸੱਚੀ ਭਗਤੀ ਗੁਰੂ ਦੀ ਬਾਣੀ ਅਤੇ ਸੰਗਤ ਮੁਕਤੀ ਦਾ ਮਾਰਗ ਪ੍ਰਭੂ ਦੀ ਕਿਰਪਾ ਤੋਂ ਬਿਨਾ ਕੁਝ ਨਹੀਂ ਮਿਲਦਾ।

"ਮਨ ਰੇ ਪ੍ਰੀਤਿ ਹਰਿ ਸਿਉ ਲਾਏ।

ਸੋ ਕਿਉ ਮਾਨੁਖੁ ਕਹੀਐ ਜਿ ਸਚੁ ਬੁਝੈ ਨਾਹਿ

ਜਗੁ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ

ਰਪੁ ਦੇਖਿ ਮੋਹਿ ਲਗੋ, ਪਾਇਆ ਨਾ ਸਚੁ ਨਾਲਿ"[8]

ਗੁਰੂ ਜੀ ਮਨ ਨੂੰ ਰੱਬ ਨਾਲ ਜੋੜਨ ਅਤੇ ਨਾਮ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦੱਸਦੇ ਹਨ ਉਹ ਜੀਵਨ ਨੂੰ ਮਾਇਆ ਦੇ ਬੰਧਨਾਂ ਤੋਂ ਬਚਾ ਕੇ, ਨਾਮ ਨਾਲ ਲਗਾਉਣ ਦਾ ਉਪਦੇਸ਼ ਦਿੰਦੇ ਹਨ।ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਮਨ ਨੂੰ ਮਜ਼ਬੂਤ ਕਰਨ ਦੀ ਪ੍ਰੇਰਨਾ ਦਿੰਦੀ ਹੈਕੋਈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਡਰ ਨਾ, ਕੋਈ ਮੋਹ ਨਾ।ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਮਨੁੱਖ ਨੂੰ ਨਿਡਰਤਾ, ਨੈਤਿਕਤਾ ਅਤੇ ਆਧਿਆਤਮਿਕਤਾ ਦੇ ਰਸਤੇ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਉਨ੍ਹਾਂ ਦਾ ਉਪਦੇਸ਼ ਸਿਰਫ਼ ਧਾਰਮਿਕ ਹੀ ਨਹੀਂ, ਸਗੋਂ ਮਨੁੱਖਤਾਵਾਦੀ ਵੀ ਹੈ। ਉਨ੍ਹਾਂ ਦੀ ਬਾਣੀ ਦਾ ਅੰਤਿਮ ਸੰਦੇਸ਼ ਹੈ ਨਾਮ ਸਿਮਰਨ, ਅਡੋਲ ਚਿੱਤ, ਮਨੁੱਖਤਾ ਪ੍ਰੇਮ ਅਤੇ ਨਿਡਰ ਧਰਮ ਨਿਸ਼ਠਾ।

ਹਿੰਦ ਦੀ ਚਾਦਰਦੀਪ੍ਰਤੀਕਾਤਮਕ ਵਿਆਖਿਆ :-

"ਹਿੰਦ ਦੀ ਚਾਦਰ" ਗੁਰੂ ਜੀ ਦੀ ਸ਼ਹੀਦੀ ਨੂੰ ਦਿੱਤਾ ਗਿਆ ਸਨਮਾਨ ਹੈ। ਇਸ ਦਾ ਅਰਥ ਹੈ ਹਰ ਧਰਮ ਅਤੇ ਮਨੁੱਖ ਦੇ ਅਧਿਕਾਰਾਂ ਦੀ ਰੱਖਿਆ। ਇਹ ਪ੍ਰਤੀਕ ਧਾਰਮਿਕ ਸਹਿਯੋਗ, ਬਲਿਦਾਨ ਅਤੇ ਆਜ਼ਾਦੀ ਦੀ ਲੜਾਈ ਦਾ ਹੈ। ਗੁਰੂ ਜੀ ਨੇ ਇਹ ਦਰਸਾਇਆ ਕਿ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਸੱਚਾਈ ਅਤੇ ਸ਼ਹੀਦੀ ਸਭ ਤੋਂ ਉੱਚੀ ਮਾਨਤਾ ਹੈ।ਹਿੰਦ ਦੀ ਚਾਦਰ" ਸਿੱਖ ਇਤਿਹਾਸ ਵਿੱਚ ਗੁਰੂ ਤੇਗ਼ ਬਹਾਦੁਰ ਜੀ ਲਈ ਵਰਤਿਆ ਜਾਣਵਾਲਾ ਇੱਕ ਮਹਾਨ ਅਤੇ ਅਦਵਿੱਤੀਆ ਖ਼ਿਤਾਬ ਹੈ।ਹਿੰਦ ਦੀ ਚਾਦਰ" ਦਾ ਅਰਥ ਹਿੰਦੁਸਤਾਨ ਦੀ ਇੱਜ਼ਤ ਦੀ ਚਾਦਰ, ਧਰਮ ਦੀ ਰੱਖਿਆ ਕਰਨ ਵਾਲਾ ਇਹ ਖਿਤਾਬ ਗੁਰੂ ਜੀ ਨੂੰ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਦਿੱਤਾ ਗਿਆ, ਜਿਨ੍ਹਾਂ ਦੇ ਅਧਿਕਾਰਾਂ ਨੂੰ ਬਚਾਉਣ ਲਈ ਗੁਰੂ ਜੀ ਨੇ ਆਪਣਾ ਸ਼ਰੀਰ ਕੁਰਬਾਨ ਕਰ ਦਿੱਤਾ

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ

ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨ"[9]

ਇਹ ਸਿਰਫ਼ ਸਨਮਾਨ ਦਾ ਬੋਲ ਨਹੀਂ, ਸਗੋਂ ਭਾਰਤ ਦਾ ਰੂਹਾਨੀ ਅਤੇ ਮਨੁੱਖਤਾਵਾਦੀ ਆਦਰਸ਼ ਹੈ ਜਿਸ ਦੀ ਨੁਮਾਇੰਦਗੀ ਗੁਰੂ ਜੀ ਨੇ ਕੀਤੀ।ਚਾਦਰ" ਭਾਰਤ ਦੇ ਸਾਰੇ ਧਰਮਾਂ ਦੀ ਰਖਿਆ ਦਾ ਪ੍ਰਤੀਕ ਹੈ।ਅਨਿਆਂ ਅਤੇ ਜ਼ੁਲਮ ਦੇ ਸਮੇਂ ਗੁਰੂ ਜੀ ਨੇ ਨਾ ਕੇਵਲ ਸਿੱਖਾਂ, ਸਗੋਂ ਕਸ਼ਮੀਰੀ ਪੰਡਤਾਂ ਦੇ ਹੱਕ ਲਈ ਸ਼ਹੀਦੀ ਦਿੱਤੀ।ਇਸ ਕਰਕੇ ਉਹ ਮਾਤ੍ਰ ਇੱਕ ਸਮੁਦਾਇ ਨਹੀਂ, ਸਾਰੀ ਹਿੰਦੁਸਤਾਨੀ ਸਭਿਆਚਾਰ ਦੀ ਚਾਦਰ ਘੋਸ਼ਿਤ ਹੋਏ।ਗੁਰੂ ਜੀ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਨਿਡਰਤਾ ਸਿਖਾਈ।

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ"[10]

ਚਾਦਰ ਡਰ ਤੋਂ ਬਚਾਉਂਦੀ ਹੈ, ਸੁਰੱਖਿਆ ਦਿੰਦੀ ਹੈ।ਗੁਰੂ ਜੀ ਦੀ ਨਿਡਰ ਸ਼ਹਾਦਤ ਨੇ ਭਾਰਤ ਦੇ ਮਨ ਵਿੱਚ ਸਾਹਸ ਅਤੇ ਸੱਚ ਦੀ ਚਾਦਰ ਵਿਛਾਈ।ਹਿੰਦ ਦਾ ਅਰਥ ਸਿਰਫ਼ ਧਰਮ ਨਹੀਂ ਇਹ ਪੂਰੇ ਭਾਰਤ ਦੀ ਵਿਭਿੰਨ ਸਭਿਆਚਾਰ ਦਾ ਨਾਂ ਹੈ ਗੁਰੂ ਜੀ ਹਰ ਮੱਤ, ਹਰ ਭਾਸ਼ਾ, ਹਰ ਖੇਤਰ ਦੇ ਰਖਵਾਲੇ ਸਰਬ ਧਰਮ ਸੰਭਾਵ ਦੇ ਚਾਦਰ।ਗੁਰੂ ਜੀ ਨੇ ਸਿਰਫ਼ ਸਿੱਖ ਧਰਮ ਲਈ ਹੀ ਨਹੀਂ, ਸਾਰੀ ਮਨੁੱਖਤਾ ਦੀ ਖਾਤਰ ਕੁਰਬਾਨੀ ਦਿੱਤੀ।ਇਸ ਤਰ੍ਹਾਂ ਉਨ੍ਹਾਂ ਦੀ ਸ਼ਹਾਦਤਮਨੁੱਖੀ ਹੱਕਾਂ ਦਾ ਸਭ ਤੋਂ ਵੱਡਾ ਪ੍ਰਤੀਕ ਬਣੀ।

ਮਨੁੱਖੀ ਅਧਿਕਾਰਾਂ ਦਾ ਪ੍ਰਤੀਕ :-

ਗੁਰੂ ਤੇਗ਼ ਬਹਾਦੁਰ ਸਾਹਿਬ ਜੀ (16211675) ਨੂੰ ਇਤਿਹਾਸ 'ਚ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਦੇ ਮਹਾਨ ਰੱਖਿਅਕ ਵਜੋਂ ਮੰਨਿਆ ਜਾਂਦਾ ਹੈ। ਉਹ ਨਾ ਸਿਰਫ਼ ਸਿੱਖ ਸਮਾਜ, ਸਗੋਂ ਸਾਰੇ ਦੇਸ਼ ਦੀ ਧਾਰਮਿਕ ਆਜ਼ਾਦੀ ਅਤੇ ਅਸੂਲਾਂ ਲਈ ਖੜ੍ਹੇ ਹੋਏ। ਇਸ ਲਈ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ ਹਿੰਦੁਸਤਾਨ ਦੀ ਇੱਜ਼ਤ ਅਤੇ ਰੂਹਾਨੀ ਅਸਥਿਤੀ ਦੀ ਰੱਖਿਆ ਕਰਨ ਵਾਲਾ।ਗੁਰੂ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦਾ ਵਾਸਤਵਿਕ ਪ੍ਰਤੀਕ ਬਣੀ।ਗੁਰੂ ਜੀ ਨੇ ਇਹ ਸੁਤੰਤਰ ਸਿਧਾਂਤ ਦਿੱਤਾ ਹਰ ਮਨੁੱਖ ਨੂੰ ਆਪਣੇ ਧਰਮ ਵਿੱਚ ਰਹਿਣ ਦਾ ਅਧਿਕਾਰ ਹੈ ਕਿਸੇ ਨੂੰ ਜਬਰਨ ਧਰਮ ਬਦਲਣ ਤੇ ਮਜ਼ਬੂਰ ਨਹੀਂ ਕੀਤਾ ਜਾ ਸਕਦਾ ।ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਅਸਥਿਤੀ ਦੀ ਰੱਖਿਆ ਲਈ ਗੁਰੂ ਜੀ ਦਾ ਖੜ੍ਹਾ ਹੋਣਾ ਹਿਊਮਨਰਾਈਟਸ ਦੀ ਬੁਨਿਆਦ ਹੈ।

"ਸੁਖੁ ਦੁਖੁ ਦੋਵੈ ਸਮ ਕਰਿ ਜਾਣੈ, ਅਉਰੁ ਮਾਨੁ ਅਪਮਾਨਾ

ਹਰਖ ਸੋਗ ਤੇ ਰਹੈ ਨਿਆਰਉ, ਤਾ ਕਉ ਜਗ ਮਹਿ ਗਿਆਨਾ"[11]

ਗੁਰੂ ਤੇਗ਼ ਬਹਾਦੁਰ ਜੀ ਨੇ ਸਿਰ ਵਾਰ ਦਿੱਤਾ ਧਰਮ ਨਹੀਂ ਬਦਲਿਆ ਕਿਸੇ ਹੋਰ ਦਾ ਧਰਮ ਮੀਟਣ ਨਹੀਂ ਦਿੱਤਾ ਪਰ ਉਪਕਾਰ ਅਤੇ ਨਿਆਂ ਲਈ ਆਪਣੀ ਕੁਰਬਾਨੀ ਨੇ ਉਨ੍ਹਾਂ ਨੂੰ ਵਿਸ਼ਵ ਮਨੁੱਖਤਾ ਦਾ ਮਾਰਗਦਰਸ਼ਕ ਬਣਾ ਦਿੱਤਾ।ਗੁਰੂ ਜੀ ਨੇ ਇਹ ਪਾਠ ਦਿੱਤਾ ਹਰ ਮਨੁੱਖ ਇੱਕੋ ਰਬ ਦੀ ਸੰਤਾਨ, ਵੈਰ, ਨਫਰਤ ਅਤੇ ਤਾਣਸ਼ਾਹੀ ਦਾ ਵਿਰੋਧ ਸਾਰੇ ਧਰਮ ਤੇ ਜਾਤੀਆਂ ਦੀ ਬਰਾਬਰੀ ਇਸ ਤਰ੍ਹਾਂ, ਉਨ੍ਹਾਂ ਦਾ ਸੰਦੇਸ਼ ਦਾ ਪ੍ਰਤੀਕ ਬਣਿਆ।ਗੁਰੂ ਜੀ ਦੀ ਬਾਣੀ ਸਮਾਜਿਕ ਤੇ ਆਧਿਆਤਮਿਕ ਸਰੋਤ ਹੈ

"ਦਇਆ ਜਾਨੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੈ

ਤੋਟਿ ਨ ਆਵੈ ਬਸਤੁ ਨ ਜਾਵੈ, ਰਹੈ ਨਾਹੀ ਕਿਛੁ ਮਾਇਆ

ਕਹਤ ਨਾਨਕ ਜਗ ਬਾਲਗਪਨ, ਭਰਮਿ ਰਹੇ ਲਪਟਾਇਆ"[12]

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਬਾਣੀ ਵਿੱਚ ਦਇਆ ਨਿਆਂ,ਸ਼ਾਂਤੀ,ਆਦਰ ਦਾ ਸੁਨੇਹਾ ਪ੍ਰਫੁੱਲਤ ਹੈ।ਗੁਰੂ ਤੇਗ ਬਹਾਦੁਰ ਜੀ ਦੀ ਬਲੀਦਾਨੀ ਕਥਾ ਮਨੁੱਖੀ ਅਧਿਕਾਰਾਂ ਦੀ ਰੂਹ ਹੈ।ਉਨ੍ਹਾਂ ਨੇ ਸਾਬਤ ਕੀਤਾ ਇਨਸਾਨ ਦੀ ਆਜ਼ਾਦੀ ਹੀ ਸਭ ਤੋਂ ਵੱਡਾ ਹੱਕ ਹੈ। ਸੱਚੇ ਧਰਮ ਦੀ ਰਾਖੀ ਲਈ ਜਾਨ ਵੀ ਵਾਰ ਦੇਵੋ। ਜ਼ੁਲਮ ਦੇ ਸਾਹਮਣੇ ਖੜ੍ਹਨਾ ਅਸੂਲਾਂ ਦੀ ਰੱਖਿਆ ਹੈ।ਉਹ ਮਨੁੱਖਤਾ ਦੇ ਸਦੀਵੀ ਰੱਖਿਅਕ ਹਨ।ਸਦੀ ਸਦੀ ਤੱਕ ਉਹਨਾਂ ਦੀ ਬਾਣੀ ਅਤੇ ਸ਼ਹਾਦਤ ਦੀ ਮਿਸਾਲ ਰਹੇਗੀ।ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਜ਼ਿੰਦਗੀ ਅਤੇ ਸ਼ਹਾਦਤ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨੇ ਇਹ ਸਾਬਤ ਕੀਤਾ ਕਿ ਮਨੁੱਖੀ ਆਜ਼ਾਦੀ ਸਭ ਤੋਂ ਉੱਚਾ ਅਧਿਕਾਰ ਹੈ ।ਧਰਮ ਦੀ ਚੋਣ ਹਰੇਕ ਦਾ ਹੱਕ ਹੈ ।ਜ਼ੁਲਮ ਦੀ ਚਾਦਰ ਕਦੇ ਨਹੀਂ ਰਚਣ ਦੇਣੀ ।ਇਸ ਲਈ ਗੁਰੂ ਜੀ ਸਰਬ ਧਰਮ ਸਮਾਨਤਾ, ਮਨੁੱਖੀ ਇਜ਼ੱਤ ਅਤੇ ਨਿਆਂ ਦੇ ਅਮਰ ਪ੍ਰਤੀਕ ਹਨ।ਉਹ ਸਦੀਵੀ ਯਾਦ ਰਹਿਣਗੇ ਮਨੁੱਖੀ ਅਧਿਕਾਰਾਂ ਦੇ ਪੂਜਾਰੀ ਅਤੇ ਰੱਖਿਅਕ ਵਜੋਂ।

**ਨਿਸ਼ਕਰਸ਼ :-**

ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਮਨੁੱਖਤਾ ਲਈ ਇੱਕ ਪ੍ਰਮੁੱਖ ਮਿਸਾਲ ਹੈ। ਉਹਨਾਂ ਨੇ ਧਾਰਮਿਕ ਆਜ਼ਾਦੀ, ਸਮਾਜਿਕ ਨਿਆਂ ਅਤੇ ਮਨੁੱਖਤਾਵਾਦੀ ਸਿਧਾਂਤਾਂ ਲਈ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ। ਅੱਜ ਦੇ ਸਮਾਜ ਵਿੱਚ ਵੀ, ਗੁਰੂ ਜੀ ਦੀ “ਹਿੰਦ ਦੀ ਚਾਦਰ” ਸਿੱਖਿਆ ਹਰ ਮਨੁੱਖ ਨੂੰ ਧਰਮ ਅਤੇ ਮਨੁੱਖਤਾ ਦੇ ਅਧਿਕਾਰਾਂ ਲਈ ਸੰਘਰਸ਼ ਕਰਨ ਦੀ ਪ੍ਰੇਰਣਾ ਦਿੰਦੀ ਹੈ ਗੁਰੂ ਤੇਗ਼ ਬਹਾਦੁਰ ਜੀ ਦਾ ਜੀਵਨ ਤੇ ਬਲਿਦਾਨ ਮਨੁੱਖਤਾ ਦੀ ਅਟੱਲ ਰੱਖਿਆ ਦਾ ਨਿਸ਼ਾਨ ਹੈ। ਉਹਨਾਂ ਨੇ ਨਾ ਸਿਰਫ਼ ਸਿੱਖ ਧਰਮ ਦੀ ਮਰਿਆਦਾ ਨੂੰ ਬਰਕਰਾਰ ਰੱਖਿਆ, ਸਗੋਂ ਹਰ ਧਰਮ ਦੇ ਮਨੁੱਖ ਦੇ ਅਧਿਕਾਰ ਦੀ ਰੱਖਿਆ ਲਈ ਆਪਣਾ ਸਿਰ ਕੁਰਬਾਨ ਕੀਤਾ। ਧਰਮ-ਪਾਲਣਾ ਦੀ ਆਜ਼ਾਦੀ ਨੂੰ ਉਹਨਾਂ ਨੇ ਮਨੁੱਖ ਦੇ ਜਨਮ ਸਿੱਧ ਅਧਿਕਾਰ ਵਜੋਂ ਮਨਿਆ ਚਾਹੇ ਉਹ ਕਿਸੇ ਵੀ ਮਤ, ਜਾਤ, ਭਾਸ਼ਾ ਜਾਂ ਸਭਿਆਚਾਰ ਨਾਲ ਸੰਬੰਧਤ ਹੋਣ।ਗੁਰੂ ਜੀ ਦਾ ਸ਼ਹੀਦੀ ਸੰਦੇਸ਼ ਸੀ ਕਿ:

"ਜੀਉ ਮਰਣੁ ਸਭੁ ਕਿਸ ਕਾ, ਕੋਇ ਨ ਟਾਰਿਓ ਜਾਇ"[13]

"ਹਿੰਦ ਦੀ ਚਾਦਰ" ਦਾ ਸਨਮਾਨ-ਸੂਚਕ ਖ਼ਿਤਾਬ ਉਹਨਾਂ ਦੀ ਉਸ ਅਜੋਕੀ ਕੁਰਬਾਨੀ ਦਾ ਪ੍ਰਤੀਕ ਹੈ, ਜਿਸ ਨੇ ਭਾਰਤ ਦੀ ਆਤਮਕ ਵੀਰਤਾ ਨੂੰ ਢੱਕ ਕੇ ਰੱਖਿਆ ਅਤੇ ਦੁਸ਼ਟਤਾ ਅੱਗੇ ਨਮਣ ਦੀ ਬਜਾਏ ਅਸੂਲਾਂ ਲਈ ਮਰ ਮਿਟਣ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਨੇ ਸਾਬਤ ਕੀਤਾ ਕਿ ਮਨੁੱਖੀ ਅਧਿਕਾਰ ਕਿਸੇ ਦੌਰ ਦੀ ਮਿਹਰਬਾਨੀ ਨਹੀ ਮਨੁੱਖੀ ਅਧਾਰ ਹੈ।ਧਾਰਮਿਕ ਆਜ਼ਾਦੀ ਰੱਬੀ ਹੱਕ ਹੈ ਜਿਸ ਨੂੰ ਕਿਸੇ ਤਾਕਤ ਨਾਲ ਕੁਚਲਿਆ ਨਹੀਂ ਜਾ ਸਕਦਾ।ਅੱਜ ਵੀ ਜਦੋਂ ਸੰਸਾਰ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਹੈ, ਗੁਰੂ ਤੇਗ਼ ਬਹਾਦੁਰ ਦਾ ਬਲਿਦਾਨ ਇੱਕ ਚਮਕਦਾ ਦੀਵਾ ਬਣ ਕੇ ਸਹਿਣਸ਼ੀਲਤਾ, ਨਿਆਂ, ਸਰਬ-ਹਿਤਕਾਰਤਾ ਵੱਲ ਰਾਹ ਦਿਖਾਉਂਦਾ ਹੈ। ਉਹਨਾਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਖੜ੍ਹਣਾ ਸਿਰਫ਼ ਆਪਣੇ ਲਈ ਨਹੀਂ ਪਰ ਉਹਨਾਂ ਲਈ ਜਿਹੜੇ ਆਪਣੀ ਆਵਾਜ਼ ਨਹੀਂ ਬੁਲਾ ਸਕਦੇ।ਇਸ ਤਰ੍ਹਾਂ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਸਿੱਖ ਹੀ ਨਹੀਂ, ਸਾਰੀ ਮਨੁੱਖਤਾ ਲਈ ਪ੍ਰੇਰਨਾ ਦਾ ਅਮਰ ਸੂਤਰ ਹੈ। ਉਹ ਯੁੱਗਾਂ-ਯੁੱਗਾਂ ਤੱਕ ਆਦਰਸ਼, ਨਿਡਰਤਾ ਅਤੇ ਮਨੁੱਖੀ ਸੁਤੰਤਰਤਾ ਦੇ ਰੱਖਿਅਕ ਵਜੋਂ ਸਦਾ ਯਾਦ ਰਹਿਣਗੇ।

**ਹਵਾਲੇ:-**

1. ਕਪੂਰ, ਪ੍ਰਿਥੀਪਾਲਸਿੰਘ, ਗੁਰੂ ਤੇਗ਼ ਬਹਾਦੁਰਸੀਮ੍ਰਤੀਗ੍ਰੰਥ,ਗੁਰੂਨਾਨਕਨਵ-ਭਾਰਤਕਾਲਜ, ਨਰੂੜਪਾਂਛਟ, ਕਪੂਰਥਲਾ, 1976.ਪੰਨਾ-30
2. ਸੁਰਿੰਦਰ ਕੋਹਲੀ,ਗੁਰੂ ਤੇਗ਼ ਬਹਾਦੁਰਜੀਵਨ : ਸਮਾਂ ਤੇ ਰਚਨਾ, ਪਬਲੀਕੇਸ਼ਨ ਬਿਉਰੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1996.ਪੰਨਾ-35
3. ਗਿਆਨੀ ਭਜਨ ਸਿੰਘ, ਗੁਰੂ ਤੇਗ਼ ਬਹਾਦੁਰ, ਨੈਸ਼ਨਲ ਬੁੱਕ ਟੱਰਸਟ, ਇੰਡੀਆ, ਗ੍ਰੀਨ ਪਾਰਕ, ਨਵੀਂ ਦਿੱਲੀ, 1995.ਪੰਨਾ-41
4. ਮਹਿੰਦਰ ਕੌਰ ਗਿੱਲ, ਗੁਰੂ ਤੇਗ ਬਹਾਦੁਰ ਬਾਣੀ ਅਧਿਐਨ, ਰੱਬੀ ਪ੍ਰਕਾਸ਼ਨ, ਨਵੀਂ ਦਿੱਲੀ, 1976.ਪੰਨਾ-22
5. ਜਸਵਿੰਦਰ ਕੌਰ ਢਿੱਲੋਂ, ਗੁਰਬਾਣੀ ਸਮੀਖਿਆ, ਪੰਜਾਬੀ ਅਕਾਦਮੀ, ਨਵੀਂ ਦਿੱਲੀ, 1999.ਪੰਨਾ-45
6. ਤਾਰਾ ਸਿੰਘ, ਗੁਰੂ ਤੇਗ ਬਹਾਦੁਰ ਰਾਗ ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.ਪੰਨਾ-31
7. ਤਾਰਨ ਸਿੰਘ, ਗੁਰੂ ਤੇਗ ਬਹਾਦੁਰ ਜੀਵਨ ਤੇ ਸਿੱਖਿਆ, ਪਬਲੀਕੇਸ਼ਨਬਿਊਰੋ, ਪੰਜਾਬ ਯੂਨੀਵਰਸਿਟੀ, ਪਟਿਆਲਾ, 1995.ਪੰਨਾ-44
8. ਡਾ. ਦੀਵਾਨ ਸਿੰਘ, ਗੁਰਬਾਣੀ ਚਿੰਤਨ, ਵਾਰਿਸ ਸ਼ਾਹਫਾਉਂਡੇਸ਼ਨ, ਅੰਮ੍ਰਿਤਸਰ, 1992.ਪੰਨਾ-50
9. ਗੁਰਚਰਨ ਸਿੰਘ ਮਹਿਤਾ, ਗੁਰਮਤਿ ਸਾਹਿਤ ਧਾਰਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1971.ਪੰਨਾ-31
10. ਪਿਆਰਾ ਸਿੰਘ, ਪੰਜਾਬੀ ਸਾਹਿਤ ਦੀ ਰੂਪ-ਰੇਖਾ, ਕਲਮ ਮੰਦਿਰ, ਪਟਿਆਲਾ, 1971.ਪੰਨਾ-43
11. ਟੀ. ਆਰ. ਵਿਨੋਦ, ਸੰਸਕ੍ਰਿਤੀ ਤੇ ਪੰਜਾਬੀ ਸੰਸਕ੍ਰਿਤੀ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1989.ਪੰਨਾ-44
12. ਕੁਲਦੀਪ ਸਿੰਘ ਧੀਰ, ਜੋਤਿ ਅਤੇ ਜੁਗਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.ਪੰਨਾ-35
13. ਗੁਰਮੀਤ ਸਿੰਘ ਟਿਵਾਣਾ, ਬਾਣੀ ਦਾ ਇਨਕਲਾਬੀ ਵਿਰਸਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2007.ਪੰਨਾ-36


© Copyright @ Authors